SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ

# ਪੰਜਾਬੀ ਪੋਸਟ

*Award winning news paper* | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 24* Issue 138** | **Tuesday, 30 July 2024** | **Tel: 905-793-2202 | Fax: 905-793-2282 | news@punjabipost.ca** ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

## GT20: ਛੇਵੇਂ ਮੈਚ ਵਿੱਚ ਮਾਂਟਰੀਅਲ ਦੀ ਟੀਮ ਨੇ ਵੈਨਕੂਵਰ ਨੂੰ ਦਸ ਦੌੜਾਂ ਨਾਲ ਹਰਾਇਆ

### ਅੱਜ ਮਾਂਟਰੀਅਲ ਤੇ ਬਰੈਂਪਟਨ ਦੀਆਂ ਟੀਮਾਂ ਵਿਚਕਾਰ ਹੋਵੇਗਾ ਮੁਕਾਬਲਾ

ਬਰੈਂਪਟਨ, 28 ਜੁਲਾਈ (ਗੁਰਪ੍ਰੀਤ ਪੁਰਬਾ): GT20 ਦੇ ਛੇਵੇਂ ਮੈਚ ਵਿੱਚ ਮਾਂਟਰੀਅਲ ਦੀ ਟੀਮ ਨੇ ਵੈਨਕੂਵਰ ਨੂੰ ਦਸ ਦੌੜਾਂ ਨਾਲ ਹਰਾਇਆ। ਪਹਿਲਾਂ ਖੇਡਦੇ ਹੋਏ ਮਾਂਟਰੀਅਲ ਦੀ ਟੀਮ ਨੇ 144 ਦੌੜਾਂ ਸੱਤ ਵਿਕਟਾਂ ਦੇ ਨੁਕਸਾਨ 'ਤੇ ਬਣਾਈਆਂ। ਜਵਾਬ ਵਿੱਚ ਵੈਨਕੂਵਰ ਦੀ ਟੀਮ 20 ਓਵਰਾਂ ਵਿੱਚ ਸਿਰਫ 134 ਦੌੜਾਂ ਹੀ ਬਣਾ ਸਕੀ। ਅਇਆਨ ਅਫਜ਼ਲ ਖਾਨ ਪਲੇਅਰ ਆਫ ਦਾ ਮੈਚ ਬਣੇ। ਐਤਵਾਰ ਨੂੰ ਖੇਡੇ ਗਏ ਦੂਸਰੇ ਮੁਕਾਬਲੇ ਵਿੱਚ ਸਰੀ ਦੀ ਟੀਮ ਨੇ ਟੋਰਾਂਟੋ ਦੀ ਟੀਮ ਨੂੰ 80 ਦੌੜਾਂ ਨਾਲ ਵੱਡੀ ਮਾਤ ਦਿੱਤੀ। 162 ਦੌੜਾਂ ਦਾ ਪਿੱਛਾ ਕਰਦੇ ਹੋਏ ਟੋਰਾਂਟੋ ਦੀ ਟੀਮ ਸਿਰਫ 81 ਦੌੜਾ ਬਣਾ ਕੇ ਆਲ ਆਊਟ ਹੋ ਗਈ। ਮਾਰਕਸ ਸਟੋਨਇਸ ਪਲੇਅਰ ਆਫ ਦਾ




ਮੈਚ ਬਣੇ। ਉਨ੍ਹਾਂ ਨੇ 57 ਦੌੜਾ ਬਣਾਉਣ ਦੇ ਨਾਲ ਨਾਲ 19 ਦੌੜਾਂ ਦੇ ਕੇ ਤਿੰਨ ਵਿਕਟਾਂ ਵੀ ਲਈਆਂ। ਅੱਜ ਸੋਮਵਾਰ ਵਾਲੇ ਦਿਨ ਕੋਈ ਮੁਕਾਬਲਾ ਨਹੀਂ ਹੋਵੇਗਾ ਤੇ ਅਗਲਾ ਮੈਚ ਹੁਣ ਮੰਗਲਵਾਰ ਨੂੰ ਮਾਂਟਰੀਅਲ ਤੇ ਬਰੈਂਪਟਨ ਦੀਆਂ ਟੀਮਾਂ ਵਿਚਕਾਰ ਦੁਪਹਿਰ ਨੂੰ 4 ਵਜੇ ਖੇਡਿਆ ਜਾਵੇਗਾ।

## ਫੋਰਡ ਨੇ ਗਰੇਟਰ ਟੋਰਾਂਟੋ ਵਿੱਚ 5 ਨਵੇਂ ਪੁਲਿਸ ਹੈਲੀਕਾਪਟਰਜ਼ ਖਰੀਦਣ ਦਾ ਕੀਤਾ ਐਲਾਨ

ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ): ਸੂਬੇ ਦਾ ਕਹਿਣਾ ਹੈ ਕਿ ਉਸਨੇ ਜੀਟੀਏ ਅਤੇ ਓਟਵਾ ਵਿੱਚ ਪੁਲਿਸ ਸੇਵਾਵਾਂ ਵਲੋਂ ਵਰਤੋ ਲਈ ਪੰਜ ਨਵੇਂ ਹੈਲੀਕਾਪਟਰ ਖਰੀਦਣ ਲਈ 100 ਮਿਲੀਅਨ ਡਾਲਰ ਤੋਂ ਜ਼ਿਆਦਾ ਦੀ ਰਾਸ਼ੀ ਰੱਖੀ ਹੈ, ਤਾਂਕਿ ਆਟੋ ਚੋਰੀ, ਕਾਰ ਚੋਰੀ ਅਤੇ ਸੜਕ ਰੇਸਿੰਗ ਨਾਲ ਨਿਪਟਨ ਵਿੱਚ ਮਦਦ ਮਿਲ ਸਕੇ।

ਜਦੋਂਕਿ ਸੂਬੇ ਨੇ ਆਪਣੇ ਸਭਤੋਂ ਹਾਲੀਆ ਬਜਟ ਵਿੱਚ ਚਾਰ ਨਵੇਂ ਪੁਲਿਸ ਹੈਲੀਕਾਪਟਰਾਂ ਦੀ ਖਰੀਦ ਲਈ ਪੈਸਾ ਨਿਰਧਾਰਤ ਕੀਤਾ ਸੀ, ਓਂਟਾਰੀਓ ਨੇ



ਸੋਮਵਾਰ ਨੂੰ ਐਲਾਨ ਕੀਤਾ ਕਿ ਉਹ ਪੰਜ ਨਵੀਂਆਂ ਮਸ਼ੀਨਾਂ ਖਰੀਦਣ ਲਈ 134 ਮਿਲੀਅਨ ਡਾਲਰ ਖਰਚ ਕਰਨ ਦੀ ਯੋਜਨਾ ਬਣਾ ਰਿਹਾ ਹੈ, ਜੋ ਬਜਟ ਵਿੱਚ ਨਿਰਧਾਰਤ 36 ਮਿਲਿਅਨ ਡਾਲਰ ਤੋਂ ਕਾਫ਼ੀ ਜ਼ਿਆਦਾ ਹੈ।

ਲਾਗਤ ਵਿੱਚ ਵਾਧੇ ਬਾਰੇ ਵਿੱਚ ਪੁੱਛੇ ਜਾਣ 'ਤੇ ਪ੍ਰੀਮੀਅਰ ਨੇ ਕਿਹਾ ਕਿ ਸੂਬੇ ਨੇ ਸ਼ੁਰੂ ਵਿੱਚ ਪੁਲਿਸ ਸੇਵਾਵਾਂ ਲਈ ਚਾਰ ਨਵੇਂ ਹੈਲੀਕਾਪਟਰ ਕਿਰਾਏ 'ਤੇ ਲੈਣ ਦਾ ਇਰਾਦਾ ਕੀਤਾ ਸੀ, ਪਰ ਹੁਣ ਉਨ੍ਹਾਂ ਨੂੰ ਸਿੱਧੇ ਖਰੀਦਣ ਦਾ ਵਿਕਲਪ ਚੁਣਿਆ ਹੈ।

## ਕੈਨੇਡਾ ਦੀ ਸਮਰ ਮੈਕਿੰਤੋਸ਼ ਨੇ ਤੈਰਾਕੀ ਵਿੱਚ ਜਿੱਤਿਆ ਸੋਨੇ ਦਾ ਮੈਡਲ

ਓਟਵਾ, 29 ਜੁਲਾਈ (ਪੋਸਟ ਬਿਊਰੋ): ਕੈਨੇਡਾ ਦੀ ਸਮਰ ਮੈਕਿੰਤੋਸ਼ ਔਰਤਾਂ ਦੀ 400 ਮੀਟਰ ਵਿਅਕਤੀਗਤ ਪਦਕ ਓਲੰਪਿਕ ਵਿੱਚ ਚੈਂਪੀਅਨ ਹਨ। ਟੋਰਾਂਟੋ ਦੀ 17 ਸਾਲਾ ਗੋਲਡ ਮੈਡਲ ਜੇਤੂ ਪਹਿਲੀ ਕੈਨੇਡੀਅਨ ਮਹਿਲਾ ਬਣੇ। ਮੈਕਿੰਟੋਸ਼ ਨੇ ਚਾਰ ਮਿੰਟ 27.71 ਸੈਕੰਡ ਵਿਚ ਸੌਖ ਨਾਲ ਜਿੱਤ ਹਾਸਿਲ ਕੀਤੀ ਅਤੇ ਰਜਤ ਪਦਕ ਜੇਤੂ ਸੰਯੁਕਤ ਰਾਜ ਅਮਰੀਕਾ ਦੀ ਕੇਟੀ ਗਰਿੰਸ ਤੋਂ ਦੋ ਬਾਡੀ ਲੇਂਥ ਅੱਗੇ ਦੀ ਦੂਰੀ ਤੈਅ ਕੀਤੀ, ਜੋ ਪੰਜ ਸੈਕੰਡ ਤੋਂ ਜ਼ਿਆਦਾ ਪਿੱਛੇ ਰਹੇ। ਅਮਰੀਕਾ ਦੀ ਏਮਾ ਵੇਇੰਟ ਨੇ ਕਾਂਸੀ



ਪਦਕ ਜਿੱਤਿਆ।

ਮੈਕਿੰਟੋਸ਼ ਨੇ ਪੂਲ ਵਿੱਚ 400 ਮੀਟਰ ਫਰੀਸਟਾਈਲ ਨਾਈਟ ਵਿੱਚ ਸਿਲਵਰ ਮੈਡਲ ਤੋਂ ਬਾਅਦ ਪੈਰਿਸ ਵਿੱਚ ਆਪਣਾ ਦੂਜਾ ਮੈਡਲ ਜਿੱਤੀਆ।

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6
Brampton, ON, L6P 3W4
*Providing excellent quality legal services to our clients*

MagGas Medical Brampton
MGM
MAGGAS MEDICAL INC.
*Helping you breathe deep and rest easy.*
(647) 954-9885
20 Maritime Ont Blvd
Unit 15
Brampton, ON L6S 0C2

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598



## ਅੱਜ ਨਾਮਾ

ਪਾਰਲੀਮੈਂਟ ਦਾ ਰਿੜ੍ਹ ਪਿਆ ਫੇਰ ਸੈਸ਼ਨ,
ਸੁਣਦਾ ਉਹੋ ਪੁਰਾਣਾ ਪਿਆ ਰਾਗ ਮੀਆਂ।
ਭਾਸ਼ਣ ਲੱਗਦੇ ਕਰਨ ਕਈ ਜਦੋਂ ਮੈਂਬਰ,
ਜਾਪਦੇ ਗੋਲਾ ਉਹ ਰਹੇ ਆ ਦਾਗ ਮੀਆਂ।
ਕੋਈ ਨਾ ਫਿਕਰ ਕਿ ਕਿਸੇ ਨੂੰ ਠੇਸ ਲੱਗੂ,
ਲੱਗਦਾ ਘੋੜੇ ਦੀ ਛੁੱਟ ਗਈ ਵਾਗ ਮੀਆਂ।
ਨੁਕਤਾਚੀਨੀ ਜੇ ਹੁੰਦੀ ਪਈ ਕੀ ਹੋਇਆ,
ਕਿਹੜਾ ਜਾਵਣਾ ਉੱਜੜ ਹੈ ਬਾਗ ਮੀਆਂ।
ਨਾ ਬੰਧੇਜ, ਨਹੀਂ ਜ਼ਾਬਤਾ ਕਿਤੇ ਦਿੱਸਦਾ,
ਫਰੀ ਸਟਾਈਲ ਸਭ ਚੱਲਦੀ ਖੇਡ ਮੀਆਂ।
ਗੱਲ ਕਹਿਣ-ਸਮਝਾਉਣ ਦੀ ਕੱਖ ਨਾਹੀਂ,
ਹੁੰਦਾ ਸਿਆਸਤ ਦਾ ਜਾਪਦਾ ਰੇਡ ਮੀਆਂ।

**ਤੀਸ ਮਾਰ ਖਾਂ**

# ਏਸ਼ਲੇ ਕਾਲਿੰਗਬੁਲ ਮਿਸ ਯੂਨੀਵਰਸ ਕੈਨੇਡਾ ਜਿੱਤਣ ਵਾਲੀ ਪਹਿਲੀ ਸਵਦੇਸ਼ੀ ਮਹਿਲਾ ਬਣੀ



ਐਡਮੈਂਟਨ, 29 ਜੁਲਾਈ (ਪੋਸਟ ਬਿਊਰੋ): ਅਲਟਾ ਦੇ ਏਨੋਚ ਕਰੀ ਨੇਸ਼ਨ ਦੀ ਕਾਲਿੰਗਬੁਲ ਨੂੰ ਐਤਵਾਰ ਨੂੰ ਵਿੰਡਸਰ, ਓਂਟਾਰੀਓ ਵਿੱਚ ਤਾਜ ਪਹਿਨਾਇਆ ਗਿਆ।

ਮਿਸ ਯੂਨੀਵਰਸ ਕੈਨੇਡਾ ਨੇ ਫੇਸਬੁਕ 'ਤੇ ਕਿਹਾ ਕਿ ਇਹ ਸ਼ਾਨਦਾਰ ਉਪਲਬਧੀ ਕੈਨੇਡਾ ਦੀ ਸੱਭਿਆਚਾਰਕ ਵਿਭਿੰਨਤਾ ਅਤੇ ਸਵਦੇਸ਼ੀ ਭਾਈਚਾਰਿਆਂ ਦੇ ਲਚੀਲੇਪਨ ਦਾ ਜਸ਼ਨ ਹੈ। ਏਸ਼ਲੇ ਦੀ ਜਿੱਤ ਹਰ ਜਗ੍ਹਾ ਯੁਵਾ ਸਵਦੇਸ਼ੀ ਲੜਕੀਆਂ ਨੂੰ ਪ੍ਰੇਰਿਤ ਕਰਦੀ ਹੈ। ਇਹ ਸਾਬਤ ਕਰਦਾ ਹੈ ਕਿ ਉਨ੍ਹਾਂ ਦਾ ਸੱਭਿਆਚਾਰਕ ਵਿਰਾਸਤ ਸੰਸਾਰਿਕ ਮੰਚ 'ਤੇ ਤਾਕਤ ਅਤੇ ਗਰਵ ਦਾ ਸਰੋਤ ਹੈ।

ਮਿਸ ਯੂਨੀਵਰਸ ਕੈਨੇਡਾ ਅਨੁਸਾਰ, 34 ਸਾਲਾ ਕਾਲਿੰਗਬੁਲ 28 ਸਾਲ ਤੋਂ ਜਿਆਦਾ ਉਮਰ ਦੀ ਪਹਿਲੀ ਮਹਿਲਾ ਅਤੇ ਇਹ ਖਿਤਾਬ ਜਿੱਤਣ ਵਾਲੀ ਪਹਿਲੀ ਵਿਆਹੀ ਮਹਿਲਾ ਹਨ।

# ਕੈਂਮਬ੍ਰਿਜ ਪੰਜਾਬੀ ਖੇਡ ਮੇਲਾ 3 ਅਤੇ 4 ਅਗਸਤ ਨੂੰ, ਮੇਲੇ ਦੀਆਂ ਤਿਆਰੀਆਂ ਜ਼ੋਰਾਂ 'ਤੇ

## ਮਰਦਾਂ ਅਤੇ ਔਰਤਾਂ ਲਈ ਰੱਸਾ ਕਸੀ, ਬਜ਼ੁਰਗਾਂ ਦੇ ਰੱਸੇ ਦੇ ਮੁਕਾਬਲੇ ਅਤੇ ਔਰਤਾਂ ਲਈ ਗਾਗਰ ਰੇਸ ਦੇ ਮੁਕਾਬਲੇ ਕਰਵਾਏ ਜਾਣਗੇ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਂਮਬ੍ਰਿੱਜ ਵਲੋਂ ਕੈਂਮਬ੍ਰਿਜ ਅਤੇ ਆਲ਼ੇ ਦੁਆਲ਼ੇ ਦੇ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਪੰਜਾਬੀ ਖੇਡ ਮੇਲਾ ਇਸ ਸਾਲ 14ਵਾਂ ਖੇਡ ਮੇਲਾ ਅਗਸਤ 3 ਅਤੇ 4 ਦਿਨ ਸ਼ਨਿੱਚਰਵਾਰ ਤੇ ਐਤਵਾਰ ਨੂੰ St. Beneidct Cathoilc Secondary School, 50 Saignaw Pkwy, Cambirdge ON ਦੀ ਗਰਾਉਡ ਵਿੱਚ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਹੇਠ ਲਿਖੀਆਂ ਖੇਡਾਂ ਕਰਵਾਈਆਂ ਜਾਣਗੀਆਂ। ਸਾਰੇ ਪਰਿਵਾਰਾਂ ਨੂੰ ਬੇਨਤੀ ਹੈ ਕਿ ਦੋਨੇ ਦਿਨ ਸਮੇਂ ਸਿਰ ਆਪਣੇ ਬੱਚਿਆਂ ਸਮੇਤ ਪਹੁੰਚਣਾ।




ਅੰਡਰ 10 ਤੋਂ ਅੰਡਰ 18 ਲੜਕੇ ਅਤੇ ਲੜਕੀਆਂ ਸੌਕਰ ਦੇ ਮੁਕਾਬਲੇ ਹੋਣਗੇ, ਇਸੇ ਤਰ੍ਹਾਂ ਅੰਡਰ 10 ਤੋਂ ਅੰਡਰ 18 ਦੇ ਲੜਕੇ ਅਤੇ ਲੜਕੀਆਂ ਦੀਆਂ ਦੌੜਾਂ ਹੋਣਗੀਆਂ, ਅੰਡਰ 10 ਤੋਂ ਅੰਡਰ 18 ਦੇ ਲੜਕੇ ਅਤੇ ਲੜਕੀਆਂ ਦੇ ਲੌਂਗ ਜੰਪ ਦੇ ਮੁਕਾਬਲੇ ਹੋਣਗੇ, ਬਾਸਕਟ ਬਾਲ, ਰੱਸੇ ਦੇ ਮੁਕਾਬਲੇ, ਅੰਡਰ 10 ਤੋਂ ਅੰਡਰ 19 ਦੇ ਲੜਕਿਆਂ ਦੀ ਕਬੱਡੀ, ਅੰਡਰ 19 ਲੜਕਿਆਂ ਦੇ ਬੈਂਚ ਪ੍ਰੈਸ ਦੇ ਮੁਕਾਬਲੇ, ਮਰਦਾਂ ਅਤੇ ਔਰਤਾਂ ਲਈ ਰੱਸਾ ਕਸੀ ਦੇ ਮੁਕਾਬਲੇ, ਬਜ਼ੁਰਗਾਂ ਦੇ ਰੱਸੇ ਦੇ ਮੁਕਾਬਲੇ ਹੋਣਗੇ, ਔਰਤਾਂ ਲਈ ਗਾਗਰ ਰੇਸ, ਮਿਊਜ਼ੀਕਲ ਚੇਅਰ ਰੇਸ ਆਦਿ ਹੋਰ ਬਹੁਤ ਸਾਰੀਆਂ ਖੇਡਾਂ ਹੋਣਗੀਆਂ।

ਦੋਨੇ ਦਿਨ ਜਿੱਥੇ ਕੈਂਮਬ੍ਰਿਜ ਗੁਰ-ਦੁਆਰਾ ਸਾਹਿਬ ਵਲੋਂ ਲੰਗਰ ਦਾ ਪ੍ਰਬੰਧ ਹੋਵੇਗਾ, ਉਸ ਦੇ ਨਾਲ ਵੱਖ ਵੱਖ ਵਿਪਾਰਿਕ ਅਦਾਰਿਆਂ ਵਲੋਂ ਵੀ ਖਾਣ/ਪੀਣ ਦੇ ਸਟਾਲ ਲਗਾਏ ਜਾਣਗੇ। ਵਾਟਰਲੂ ਰਿਜਨ ਅਤੇ ਇਸ ਦੇ ਆਲੇ ਦੁਆਲੇ ਦੇ ਸ਼ਹਿਰਾਂ ਦੇ ਨਿਵਾਸੀ ਵੱਡੀ ਗਿਣਤੀ ਵਿੱਚ ਇਸ ਮੇਲੇ ਦਾ ਅਨੰਦ ਮਾਣਨ ਲਈ ਪਹੁੰਚ ਰਹੇ ਹਨ। ਤੁਸੀਂ ਵੀ ਇਸ ਮੇਲੇ ਵਿੱਚ ਪਹੁੰਚਣ ਲਈ 3 ਅਤੇ 4 ਅਗਸਤ ਦਾ ਦਿਨ ਵਿਹਲਾ ਰੱਖੋ।

# ਯਾਰਕ ਖੇਤਰ ਤੋਂ ਲਾਪਤਾ ਔਰਤ ਦੀ ਭਾਲ ਵਿੱਚ ਪੁਲਿਸ ਨੇ ਸ਼ੱਕੀ 'ਤੇ ਅਗਵਾਹ ਦਾ ਚਾਰਜਿਜ਼ ਲਗਾਇਆ

ਟੋਰਾਂਟੋ, 29 ਜੁਲਾਈ (ਪੋਸਟ ਬਿਊਰੋ): ਟੋਰਾਂਟੋ ਦੇ ਉਤਰ ਵਿੱਚ ਪੁਲਿਸ ਨੇ ਇੱਕ ਸ਼ੱਕੀ 'ਤੇ ਅਗਵਾਹ ਦਾ ਚਾਰਜਿਜ਼ ਲਗਾਇਆ ਹੈ, ਕਿਉਂਕਿ ਇੱਕ ਔਰਤ ਦੀ ਤਲਾਸ਼ ਜਾਰੀ ਹੈ, ਜਿਸ ਬਾਰੇ ਜਾਂਚਕਾਰਾਂ ਦਾ ਕਹਿਣਾ ਹੈ ਕਿ ਉਹ ਸ਼ੱਕੀ ਹਾਲਾਤਾਂ ਵਿੱਚ ਲਾਪਤਾ ਹੋ ਗਈ ਸੀ।

ਯਾਰਕ ਖੇਤਰੀ ਪੁਲਿਸ ਅਨੁਸਾਰ ਯਿੰਗ ਝਾਂਗ ਨੂੰ ਆਖਰੀ ਵਾਰ 25 ਜੁਲਾਈ ਨੂੰ ਵੁੱਡਬਾਈਨ ਏਵੇਨਿਊ ਅਤੇ ਸਟੀਲਕੇਸ ਰੋਡ ਕੋਲ ਸਟੀਲਸ ਏਵੇਨਿਊ ਈਸਟ ਦੇ ਠੀਕ ਉਤਰ ਵਿੱਚ, ਮਾਰਖਮ ਵਿੱਚ ਲੱਗਭੱਗ 10:40 ਵਜੇ ਵੇਖਿਆ ਗਿਆ ਸੀ।
ਪੁਲਿਸ ਨੇ ਔਰਤ ਦੀ ਪਹਿਚਾਣ ਪੰਜ ਫੁੱਟ ਸੱਤ ਇੰਚ ਦੀ ਮੱਧ ਕੱਦ ਵਾਲੀ ਅਤੇ ਸਿੱਧੇ ਮੋਡੇ ਤੱਕ ਲੰਬੇ ਕਾਲੇ ਅਤੇ ਭੂਰੇ ਵਾਲਾਂ ਵਾਲੀ 57 ਸਾਲਾ ਮਾਰਖਮ ਨਿਵਾਸੀ ਦੱਸਿਆ ਹੈ।
ਪੁਲਿਸ ਨੇ ਕਿਹਾ ਕਿ ਉਸਨੂੰ ਆਖਰੀ ਵਾਰ ਉਸ ਸਮੇਂ ਨੀਲੇ ਰੰਗ ਦੇ ਸਕਰਬ ਅਤੇ ਖੱਬੇ ਹੱਥ ਵਿੱਚ ਜੇਡ ਬਰੇਸਲੇਟ ਪਹਿਨੇ ਵੇਖਿਆ ਗਿਆ ਸੀ ਅਤੇ ਉਸਤੋਂ ਬਾਅਦ ਉਸਨੂੰ ਨਹੀਂ ਵੇਖਿਆ ਗਿਆ ਹੈ।

ਜਾਣਕਾਰੀ ਅਨੁਸਾਰ ਝਾਂਗ ਉਸ ਖੇਤਰ ਵਿੱਚ ਇੱਕ ਪਲਾਜ਼ੇ ਵਿੱਚ ਇੱਕ ਵੈਲਨੈੱਸ ਸੈਂਟਰ ਵਿੱਚ ਕੰਮ ਕਰਦੀ ਸੀ, ਜਿੱਥੇ ਉਹ ਲਾਪਤਾ ਹੋ ਗਈ ਸੀ। ਉਸਦੇ ਪਰਿਵਾਰ ਨੇ ਉਸ ਸ਼ਾਮ ਨੂੰ ਜਦੋਂ ਉਹ ਕੰਮ ਤੋਂ ਘਰ ਨਾ ਪਰਤੀ ਤਾਂ ਉਸਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਕਰਵਾਈ।



ਪੁਲਿਸ ਨੇ ਦੱਸਿਆ ਕਿ ਸਾਨੂੰ ਹਾਲੇ ਇਹ ਨਹੀਂ ਪਤਾ ਕਿ ਉਹ ਜਿੰਦਾ ਹੈ ਜਾਂ ਮਰ ਚੁੱਕੀ ਹੈ।

ਘਟਨਾ ਸਥਾਨ ਤੋਂ ਸੰਕੇਤ ਮਿਲ ਰਹੇ ਹਨ ਕਿ ਉਹ ਕਿਸੇ ਹਮਲੇ ਦੀ ਸ਼ਿਕਾਰ ਸੀ ਅਤੇ ਅਸੀਂ ਉਸਦੀ ਭਲਾਈ ਲਈ ਚਿੰਤਤ ਹਾਂ ਕਿਉਂਕਿ ਉਸਨੂੰ ਡਾਕਟਰੀ ਇਲਾਜ ਨਹੀਂ ਮਿਲਿਆ ਹੈ। ਇਸਕੇ ਗੰਭੀਰ ਨਤੀਜੇ ਹੋ ਸਕਦੇ ਹਨ।

ਸੋਮਵਾਰ ਨੂੰ ਯਾਰਕ ਖੇਤਰੀ ਪੁਲਿਸ ਨੇ ਦੱਸਿਆ ਕਿ 26 ਸਾਲਾ ਈਸਟ ਗਵਿਲੀਮਬਰੀ, ਓਂਟਾਰੀਓ ਨਿਵਾਸੀ ਚਾਂਗਲਿਨ ਯਾਂਗ 'ਤੇ ਝਾਂਗ ਦੇ ਲਾਪਤੇ ਹੋਣ ਦੇ ਸੰਬੰਧ ਵਿੱਚ ਅਗਵਾਹ, ਜ਼ਬਰਨ ਅਤੇ ਗੰਭੀਰ ਹਮਲੇ ਦਾ ਚਾਰਜਿਜ਼ ਲਗਾਇਆ ਗਿਆ ਹੈ।

ਇੱਕ ਸ਼ੱਕੀ ਵਾਹਨ, ਲਾਈਸੈਂਸ ਪਲੇਟ 43851 ਵਾਲੀ ਇੱਕ ਸਫੇਦ ਫੋਰਡ ਵੈਨ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ ਹਨ।

# ਸਪੀਕਰ ਸੰਧਵਾਂ ਨੇ ਮੈਡੀਕਲ ਕਾਲਜ ਅਤੇ ਹਸਪਤਾਲ ਦਾ ਕੀਤਾ ਅਚਨਚੇਤ ਦੌਰਾ

ਫਰੀਦਕੋਟ, 29 ਜੁਲਾਈ (ਗਿਆਨ ਸਿੰਘ): ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਜਿੱਥੇ ਸਮੇਂ ਸਮੇਂ ਤੇ ਲੋਕ ਮਿਲਣੀ ਪ੍ਰੋਗਰਾਮ ਕਰਕੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰਦੇ ਹਨ, ਉੱਥੇ ਉਨ੍ਹਾਂ ਵੱਲੋਂ ਬੀਤੀ ਸ਼ਾਮ ਖੁਦ ਫੀਲਡ ਵਿੱਚ ਜਾ ਕੇ ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਦਾ ਅਚਨਚੇਤ ਦੌਰਾ ਕੀਤਾ ਗਿਆ ਅਤੇ ਮਰੀਜਾਂ ਦਾ ਹਾਲ-ਚਾਲ ਜਾਣਿਆ ਗਿਆ।

ਇਸ ਮੌਕੇ ਸੰਧਵਾਂ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਮੰਤਵ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਹੈ, ਤਾਂ ਜੋ ਸੂਬੇ ਦੇ ਲੋਕ ਸਿਹਤਮੰਦ ਜੀਵਨ ਜੀਅ ਸਕਣ। ਉਨ੍ਹਾਂ ਦੱਸਿਆ ਕਿ ਉਨ੍ਹਾਂ ਖੁਦ ਯੂਰੋਲੋਜੀ, ਰੋਬੋਟਿਕਸ ਅਤੇ ਕਿਡਨੀ ਟਰਾਂਸਪਲਾਟ ਵਿਭਾਗ ਦਾ ਅਚਨਚੇਤ ਦੌਰਾ ਕੀਤਾ ਅਤੇ ਉੱਥੇ ਦਾਖਲ ਮਰੀਜਾਂ ਦਾ ਹਾਲ ਚਾਲ ਪੁੱਛਿਆ। ਉਨ੍ਹਾਂ ਦੱਸਿਆ ਕਿ ਮਰੀਜਾਂ ਵੱਲੋਂ ਇਲਾਜ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਆਈਸੋਲੇਸ਼ਨ ਵਾਰਡ ਦਾ ਵੀ ਜਾਇਜਾ ਲਿਆ ਗਿਆ।



ਉਨ੍ਹਾਂ ਦੱਸਿਆ ਕਿ ਮੈਡੀਕਲ ਕਾਲਜ ਅਤੇ ਹਸਪਤਾਲ ਨੂੰ ਹਰ ਪੱਖੋਂ ਬੁਨਿਆਦੀ ਸਹੂਲਤਾਂ ਨਾਲ ਲੈੱਸ ਹਸਪਤਾਲ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੈਡੀਕਲ ਹਸਪਤਾਲ ਵਿੱਚ ਫਰੀਦਕੋਟ ਅਤੇ ਆਸ ਪਾਸ ਦੇ ਇਲਾਕਿਆਂ ਦੇ ਲੋਕ ਆਪਣਾ ਇਲਾਜ ਕਰਵਾਉਣ ਆਉਂਦੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਵਿੱਚ ਮੈਡੀਕਲ ਹਸਪਤਾਲ ਵਿੱਚ ਏ.ਸੀ ਸਬੰਧੀ ਕੁਝ ਸ਼ਿਕਾਇਤਾਂ ਆਈਆਂ ਸਨ, ਜਿੰਨਾ ਨੂੰ ਤੁਰੰਤ ਪ੍ਰਭਾਵ ਦੂਰ ਕਰਦੇ ਹੋਏ ਨਵੇਂ ਏ.ਸੀ ਲਗਾ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਅੱਗੇ ਵੀ ਸਮੇਂ ਸਮੇਂ ਤੇ ਮੈਡੀਕਲ ਹਸਪਤਾਲ ਦੇ ਅਚਨਚੇਤ ਦੌਰੇ ਜਾਰੀ ਰਹਿਣਗੇ। ਇਸ ਤੋਂ ਪਹਿਲਾਂ ਸ. ਸੰਧਵਾਂ ਪਿੰਡ ਢਿੱਲਵਾਂ ਕਲਾਂ ਵਿਖੇ ਸੋਢੀ ਪਰਿਵਾਰ ਨਾਲ ਦੁੱਖ ਦੀ ਘੜੀ ਵਿੱਚ ਸ਼ਰੀਕ ਹੋਏ ਸਨ ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.

7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com







## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




**Allseas Fisheries Inc. is Hiring!**

**DZ licensed delivery drivers needed.**

Pay is $24/hour. Full time, permanent

Should work any day of the week, including weekends.

If interested, please forward resume to **rgidda@allseas.net**

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664



# ਧਰਮ ਦੇ ਨਾਂਅ ਹੇਠ ਸਧਾਰਨ ਲੋਕਾਂ ਦੀ ਸਧਾਰਨਤਾ ਵਰਤਣ ਦਾ ਇੱਕ ਦਾਅ ਹੋਰ



ਜਤਿੰਦਰ ਪਨੂੰ ਦੀ ਕਲਮ ਤੋਂ

ਬੇਸ਼ੱਕ ਆਮ ਬੋਲੀ ਵਿੱਚ ਕਿਹਾ ਜਾਣ ਲੱਗ ਪਿਆ ਹੈ ਕਿ 'ਸਧਾਰਨ ਲੋਕ ਅੱਜਕੱਲ੍ਹ ਪਹਿਲਾਂ ਜਿੰਨੇ ਸਧਾਰਨ ਨਹੀਂ ਰਹੇ', ਪਰ ਜਦੋਂ ਰਾਜਨੀਤੀ ਦੇ ਵਹਿਣ ਵੱਲ ਵੇਖੀਏ ਤਾਂ ਸਮਝ ਪੈ ਜਾਂਦੀ ਹੈ ਕਿ ਉਹ ਕਈ ਗੱਲਾਂ ਵਿੱਚ ਅੱਜ ਵੀ ਸਧਾਰਨ ਹਨ ਤੇ ਏਨੇ ਕੁ ਸਧਾਰਨ ਹਨ ਕਿ ਕੋਈ ਵੀ ਚੁਸਤ ਰਾਜ ਆਗੂ ਉਨ੍ਹਾਂ ਨੂੰ ਵਰਗਲਾ ਸਕਦਾ ਹੈ। ਭਾਰਤ ਦੇ ਲੋਕਾਂ ਦੀ ਏਸੇ ਸਧਾਰਨਤਾ ਦਾ ਲਾਭ ਕਈ ਸਾਲਾਂ ਤੱਕ ਕਾਂਗਰਸ ਦੇ ਆਗੂ ਬਦਲ-ਬਦਲ ਕੇ ਤਿਗੜਮਾਂ ਵਰਤ ਕੇ ਲੈਂਦੇ ਰਹੇਅਤੇ ਜਦੋਂ ਉਨ੍ਹਾਂ ਤੋਂ ਆਮ ਲੋਕਾਂ ਦਾ ਮੋਹ ਭੰਗ ਹੋਣਾ ਸ਼ੁਰੂ ਹੋਇਆ ਤਾਂ ਉਨ੍ਹਾਂ ਤੋਂ ਵੀ ਵੱਧ ਭਾਜਪਾ ਵਾਲੇ ਵਰਤਣ ਲੱਗ ਪਏ। ਫਰਕ ਪਿਆ ਤਾਂ ਸਿਰਫ ਏਨਾ ਕਿ ਕਾਂਗਰਸੀ ਆਗੂ ਆਮ ਤੌਰ ਉੱਤੇ ਧਰਮ ਨਿਰਪੱਖਤਾ ਦੀਆਂ ਗੱਲਾਂ ਕਰਦੇ ਅਤੇ ਜਦੋਂ ਰਾਜਸੀ ਲੋੜ ਹੁੰਦੀ ਸੀ, ਓਦੋਂ ਇੱਕ ਧਰਮ ਵਾਲਿਆਂ ਨੂੰ ਦੂਜੇ ਧਰਮ ਵਾਲਿਆਂ ਵਿਰੁੱਧ ਵਰਤ ਸਕਦੇ ਸਨ। ਕਦੀ ਫਿਰਕੂ ਤੱਤਾਂ ਨੂੰ ਖੁਦ ਉਕਸਾਉਂਦੇ ਸਨ, ਕਦੀ ਉਕਸਾਉਂਦੇ ਨਾ ਵੀ ਹੋਣ ਤਾਂ ਸਾਫ ਦਿੱਸਦਾ ਸੀ ਕਿ ਫਿਰਕੂ ਤੱਤਾਂ ਦਾ ਵਿਹਾਰ ਅਣਗੌਲਿਆ ਕਰ ਕੇ ਉਨ੍ਹਾਂ ਨੂੰ ਮਨ-ਮਰਜ਼ੀ ਕਰਨ ਦੇਂਦੇ ਸਨ ਤਾਂ ਕਿ ਜਦੋਂ ਦੂਸਰੀ ਧਿਰ ਜਵਾਬੀ ਕਦਮ ਚੁੱਕੇ ਤਾਂ ਇਨ੍ਹਾਂ ਦੋਵਾਂ ਦੇ ਇਸ ਵਿਰੋਧ ਨੂੰ ਵਰਤਣ ਅਤੇ ਸਾਂਝੀ ਧਿਰ ਬਣ ਕੇ ਅਗਲੀ ਚੋਣ ਜਿੱਤਣ ਜੋਗੀ ਗੁੰਜਾਇਸ਼ ਕੱਢ ਸਕਣ।ਲੋਕਾਂ ਦੇ ਅੱਖਾਂ ਅੱਗੋਂ ਇਹੋ ਜਿਹੇ ਕੁਝ ਮੌਕੇ ਵੀ ਗੁਜ਼ਰੇ, ਜਦੋਂ ਇੰਦਰਾ ਗਾਂਧੀ ਦੇ ਪ੍ਰਧਾਨ ਮੰਤਰੀ ਹੋਣ ਸਮੇਂ ਕਾਗਰਸ ਵਾਲਿਆਂ ਨੇ ਆਪਣੇ ਕੁਝ ਆਗੂਆਂ ਨੂੰ ਇੱਕ ਪਾਸੇ ਦੀ ਅੱਗ-ਉਗਲੱਛਦੀ ਧਿਰ ਵਿੱਚ ਜਾਣ ਅਤੇ ਸਭ ਤੋਂ ਵੱਧ ਜ਼ਹਿਰ ਉਗਲਣ ਦਾ ਮੌਕਾ ਦਿੱਤਾ ਤੇ ਉਸ ਦੇ ਨਾਲ ਹੀ ਉਨ੍ਹਾਂ ਦੀ ਉਲਟ ਧਿਰ ਵਿੱਚ ਆਪਣੇ ਕੁਝ ਬੰਦੇ ਇਸ ਤਰ੍ਹਾਂ ਫਿੱਟ ਕੀਤੇ ਕਿ ਪਤਾ ਨਾ ਲੱਗ ਸਕੇ। ਜਦੋਂ ਚੋਣਾਂ ਦੇ ਦਿਨ ਆਉਂਦੇ ਤਾਂ ਏਧਰਲੇ ਅਤੇ ਓਧਰਲੇ ਦੋਵਾਂ ਪਾਸਿਆਂ ਵਿੱਚ ਬਿਠਾਏ ਇਨ੍ਹਾਂ ਆਪਣੇ ਬੰਦਿਆਂ ਨੂੰ ਉਮੀਦਵਾਰ ਬਣਾ ਕੇ ਲੋਕਾਂ ਅੱਗੇ ਪੇਸ਼ ਕਰ ਦਿੱਤਾ ਜਾਂਦਾ ਤੇ ਜਿਹੜੇ ਸਧਾਰਨ ਲੋਕ ਅੱਜਕੱਲ੍ਹ ਪਹਿਲਾਂ ਜਿੰਨੇ ਸਧਾਰਨ ਨਾ ਰਹਿਣ ਬਾਰੇ ਗੱਲ ਕਹੀ ਜਾਂਦੀ ਹੈ, ਉਹ ਫਿਰ ਸਧਾਰਨ ਨਿਕਲਦੇ ਅਤੇ ਦੋਵੇਂ ਪਾਸਿਉਂ ਅੱਗ ਲਾਊਆਂ ਨੂੰ ਜਿਤਾ ਕੇ ਭੇਜ ਦੇਂਦੇ।

ਇਹੋ ਜਿਹਾ ਫਾਰਮੂਲਾ ਵਰਤਣ ਨੇ ਹੀ ਪੰਜਾਬ ਨੂੰ ਵਾਹਣੀਂ ਪਾਇਆ ਤੇ ਬਾਰਾਂ ਸਾਲ ਲੋਕ ਅੰਨ੍ਹੀ ਗਲੀ ਵਿੱਚ ਫਸੇ ਅੱਕੀਂ-ਪਲਾਹੀਂ ਹੱਥ ਮਾਰਦੇਤੇ ਆਪਣਿਆਂ ਦੀਆਂ ਲਾਸ਼ਾਂ ਸੰਭਾਲਦੇ ਰਹੇ ਸਨ। ਕਈ ਹੋਰ ਰਾਜਾਂ ਵਿੱਚ ਵੀ ਪੰਜਾਬ ਵਾਲਾ ਦੁਖਾਂਤ ਆਮ ਲੋਕਾਂ ਦੇ ਪੱਲੇ ਪਿਆ, ਪਰ ਕਦੇ ਵੀ ਕਾਂਗਰਸ ਪਾਰਟੀ ਦੇ ਕਿਸੇ ਆਗੂ ਨੇ ਆਪਣੀ ਲੀਡਰਸ਼ਿਪ ਦੀਆਂ ਇਨ੍ਹਾਂ ਚੁਸਤੀਆਂ ਅਤੇ ਇਨ੍ਹਾਂ ਨਾਲ ਹੋਏ ਨੁਕਸਾਨ ਦੀ ਚਰਚਾ ਨਹੀਂ ਕੀਤੀ, ਉਨ੍ਹਾਂ ਲਈ ਇਹੋ ਗੱਲ ਕਾਫੀ ਹੈ ਕਿ ਇਸ ਪਾਰਟੀ ਦੀ ਅਜੋਕੀ ਲੀਡਰਸ਼ਿਪ ਉਨ੍ਹਾਂ ਉੱਤੇ ਮਿਹਰਬਾਨ ਹੈ ਅਤੇ ਚੋਣ ਲੜਨ ਦਾਮੌਕਾ ਦੇਣ ਨੂੰ ਤਿਆਰ ਹੈ। ਅਜੋਕੇ ਸਮੇਂ ਵਿੱਚ ਜਦੋਂ ਉਹ ਦੂਸਰੀਆਂ ਪਾਰਟੀਆਂ, ਖਾਸ ਕਰ ਕੇ ਭਾਜਪਾ ਦੀ ਰਾਜਨੀਤੀ ਦੇ ਫਿਰਕੂ ਪੈਂਤੜੇ ਦੀ ਗੱਲ ਕਰਦੇ ਹਨ ਤਾਂ ਅਸਲਮੁੱਦਾ ਗੋਲ ਕਰ ਜਾਂਦੇ ਹਨ ਕਿ ਭਾਰਤੀ ਰਾਜਨੀਤੀ ਵਿੱਚ ਇਹ ਪੈਂਤੜੇ ਬੜਾ ਚਿਰ ਆਮ ਲੋਕਾਂ ਵਿੱਚ ਪ੍ਰਵਾਨਤ ਨਹੀਂ ਸਨ ਹੋਏ ਅਤੇ ਫਿਰ ਇਨ੍ਹਾਂ ਦੀ ਜੜ੍ਹ ਕਾਂਗਰਸੀਆਂ ਦੇ ਤਿਆਰ ਕੀਤੇ ਧਰਾਤਲ ਉੱਤੇਹੀ ਲੱਗੀ ਸੀ। ਜਿਹੜੀ ਗੱਲ ਕਾਂਗਰਸ ਦੇ ਆਗੂਆਂ ਨੂੰ ਓਦੋਂ ਚੋਣ-ਰਾਜਨੀਤੀ ਦਾ ਲੁਕਮਾਨੀ ਨੁਸਖਾ ਲੱਗ ਰਹੀ ਹੋਵੇਗੀ, ਉਹ ਅੱਜ ਭਾਰਤ ਦੇ ਲੋਕਾਂ ਤੇ ਇਸ ਦੇਸ਼ ਦੇ ਭਵਿੱਖ ਉੱਤੇ ਸਵਾਲੀਆ ਨਿਸ਼ਾਨਾਂ ਦੀ ਲੰਮੀ ਕਤਾਰ ਬੰਨ੍ਹਣ ਵਾਲੀ ਦਿਖਾਈ ਦੇਂਦੀ ਪਈ ਹੈ।

ਅੱਜ ਦੇ ਭਾਰਤ ਦੀ ਰਾਜਨੀਤੀ ਦਾ ਦਿਸ਼ਾ-ਸੂਚਕ ਨਾਗਪੁਰੀ ਕੇਂਦਰ ਬਣਿਆ ਪਿਆ ਹੈ, ਪਰ ਉਹ ਹਰ ਗੱਲ ਵਿੱਚ ਓਥੋਂ ਸਿੱਧੇ ਨਿਰਦੇਸ਼ ਜਾਂ ਹਦਾਇਤਾਂ ਨਹੀਂ ਭੇਜਦੇ, ਸਗੋਂ ਬਚਪਨ ਤੋਂ ਉਨ੍ਹਾਂ ਦੀਆਂ ਸ਼ਾਖਾਵਾਂ ਵਿੱਚ ਜਾਂਦੇ ਅਤੇ ਇਸ ਬਾਰੇ ਮਾਨਸਿਕ ਪੱਖੋਂ ਤਿਆਰ ਕੀਤੇ ਗਏ ਬੱਚੇ ਅੱਜ ਸਮੇਂ ਨਾਲ ਵੱਡੇ ਲੀਡਰ ਬਣਨ ਪਿੱਛੋਂ ਖੁਦ ਕਰ ਰਹੇ ਹਨ। ਦੇਸ਼ ਦੀ ਕਿਸੇ ਨੁੱਕਰ ਵਿੱਚ ਕੀ ਹੁੰਦਾ ਹੈ, ਹਰ ਗੱਲ ਨਾਗਪੁਰ ਤੋਂ ਤੈਅ ਨਹੀਂ ਕੀਤੀ ਜਾਂਦੀ, ਨਾਗਪੁਰੀਆ ਸੋਚਣੀ ਵਾਲੇ ਆਗੂ ਖੁਦ ਜਿੱਥੇ ਵੀ ਹਨ, ਉਹ ਇਹ ਕੁਝ ਕਰੀ ਜਾਂਦੇ ਹਨ, ਪਰ ਇਨ੍ਹਾਂ ਖੇਡਾਂ ਵਿੱਚੋਂ ਕਈ ਦਹਾਕਿਆਂ ਦੀ ਕਾਂਗਰਸੀ ਰਾਜਨੀਤੀ ਦੀ ਝਲਕ ਲੁਕਾਈ ਨਹੀਂ ਲੁਕਦੀ। ਯੋਗੀ ਆਦਿੱਤਿਆਨਾਥ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਵੀ ਇਸ ਨੀਤੀ ਨੂੰ ਰਾਜਨੀਤੀ ਦਾ ਪੈਂਤੜਾ ਬਣਾ ਕੇ ਚੱਲਦਾ ਰਿਹਾ ਹੈ। ਉਸ ਨੇ ਇੱਕ ਵਾਰ ਬਾਪ-ਦਾਦੇ ਦੇ ਵੇਲਿਆਂ ਤੋਂ ਮੁਸਲਿਮ ਬਣੇ ਲੋਕਾਂ ਦੀ ਹਿੰਦੂ ਧਰਮ ਵਿੱਚ ਵਾਪਸੀ ਦੇ ਸਮਾਗਮ ਸ਼ੁਰੂ ਕਰ ਦਿੱਤੇ ਸਨ। ਓਦੋਂ ਵੀ ਬਹੁਤ ਰੌਲਾ ਪਿਆ ਸੀ, ਪਰ ਉਹ ਇੱਕੋ ਗੱਲ ਉੱਤੇ ਅੜਿਆ ਰਿਹਾ ਸੀ ਕਿ ਉਹ ਕਿਸੇ ਦਾ ਧਰਮ ਪ੍ਰੀਵਰਤਨ ਨਹੀਂ ਕਰਵਾ ਰਿਹਾ, ਜਿਹੜੇ ਲੋਕ ਪੁਰਾਣੇ ਛੱਡੇ ਹੋਏ ਧਰਮ ਵਿੱਚ ਮੁੜਨ ਲਈ ਤਿਆਰ ਹਨ, ਉਨ੍ਹਾਂ ਨੂੰ ਮੌਕਾ ਪੇਸ਼ ਕਰਦਾ ਹੈ। ਜੇ ਉਸ ਦੀ ਇਸ ਸਮਾਗਮ ਲੜੀ ਦੀ ਤਾਰ ਪਿੱਛੋਂ ਨਾਗਪੁਰ ਤੋਂ ਖਿੱਚੀ ਜਾ ਰਹੀ ਹੁੰਦੀ ਤਾਂ ਸਮਾਗਮ ਸਾਰੇ ਦੇਸ਼ ਵਿੱਚ ਹੋਣ ਲੱਗ ਜਾਂਦੇ, ਪਰ ਇਹ ਸਭ ਯੋਗੀ ਆਦਿੱਤਿਆਨਾਥ ਦੇ ਲੋਕ ਸਭਾ ਹਲਕੇ ਵਿੱਚ ਜਾਂ ਕੁਝ ਕੁ ਹੋਰ ਥਾਂਈ ਹੋਇਆ ਸੀ, ਪੂਰੇ ਉੱਤਰ ਪ੍ਰਦੇਸ਼ ਵਿੱਚ ਵੀ ਨਹੀਂ ਸੀ ਹੋਇਆ। ਜਦੋਂ ਇਸ ਦਾ ਵਿਰੋਧ ਹੋਣਾ ਸ਼ੁਰੂ ਹੋਇਆ ਤਾਂ ਸਾਰੇ ਦੇਸ਼ ਵਿੱਚੋਂ ਸੰਘ ਦੀ ਸੋਚ ਨਾਲ ਜੁੜੇ ਹੋਏ ਸੰਗਠਨਾਂ ਤੇ ਲੋਕਾਂ ਨੇ ਇਸ ਦੇ ਪੱਖ ਵਿੱਚ ਖੜੇ ਹੋਣਾ ਸ਼ੁਰੂ ਕਰ ਦਿੱਤਾ ਸੀ। ਸ਼ੁਰੂਆਤ ਇੱਕ ਨੇ ਕੀਤੀ ਸੀ, ਹਮਾਇਤ ਦੇ ਪਿੱਛੇ ਇੱਕ ਪੂਰੀ ਸੋਚ ਆਣ ਖੜੋਤੀ ਸੀ।

ਏਦਾਂ ਦੇ ਮੁਹਿੰਮਬਾਜ਼ਾਂ ਨੂੰ ਆਪਣੇ ਪਿੱਛੇ ਆਮ ਲੋਕ ਖੜੇ ਕਰਨ ਦੇ ਦਾਅ ਵੀ ਸੁੱਝਦੇ ਰਹਿੰਦੇ ਹਨ ਤੇ ਇਸ ਸੋਚ ਦੇ ਪੱਖ ਵਿੱਚ ਹੋਰ ਲੋਕਾਂ ਦੀਆਂ ਆਵਾਜ਼ਾਂ ਉੱਠਣ ਦਾ ਵੀ ਅਗੇਤਾ ਪਤਾ ਹੁੰਦਾ ਹੈ। ਇਸੇ ਸੋਚ ਲਈ ਇਸ ਵਾਰ ਉੱਤਰ ਪ੍ਰਦੇਸ਼ ਵਿੱਚ ਕਾਂਵੜ ਯਾਤਰਾ ਦੇ ਮੌਕੇ ਨੂੰ ਹਿੰਦੂ ਧਰਮ ਦੇ ਨਾਂਅ ਉੱਤੇ ਲਾਮਬੰਦੀ ਵਧਾਉਣ ਲਈ ਵਰਤਣ ਦਾ ਇੱਕ ਹੋਰ ਯਤਨ ਕੀਤਾ ਗਿਆ ਹੈ। ਕਾਂਵੜ ਯਾਤਰਾ ਤਾਂ ਪਹਿਲਾਂ ਵੀ ਹਰ ਸਾਲ ਚੱਲਦੀ ਰਹੀ ਹੈ, ਕਈ ਵਾਰ ਇਸ ਮੌਕੇ ਦੰਗੇ ਹੋਣ ਦੀ ਖਬਰ ਵੀ ਕਦੇ-ਕਦੇ ਆ ਜਾਂਦੀ ਸੀ, ਪਰ ਉਹ ਖਬਰਾਂ ਹਿੰਦੂ-ਮੁਸਲਿਮ ਰੰਗ ਦੀਆਂ ਹੋਣ ਦੀ ਥਾਂ ਸੜਕੀ ਹਾਦਸੇ ਦੇ ਵਕਤ ਢਿੱਲੇ ਪ੍ਰਸ਼ਾਸਕੀ ਤੇ ਪੁਲਸ ਪ੍ਰਬੰਧ ਦੇ ਕਾਰਨ ਹੋਈ ਸਾੜ-ਫੂਕ ਬਾਰੇ ਹੁੰਦੀਆਂ ਸਨ। ਦੋ ਕੁ ਸਾਲ ਪਹਿਲਾਂ ਦੀ ਖਬਰ ਬਹੁਤ ਘੱਟ ਲੋਕਾਂ ਨੂੰ ਯਾਦ ਹੋਵੇਗੀ ਕਿ ਉੱਤਰ ਪ੍ਰਦੇਸ਼ ਵਿੱਚ ਕੁਝ ਪੁਲਸ ਅਫਸਰਾਂ ਨੇ ਸ਼ਰਧਾ ਨਾਲ ਜਾਂਦੇ ਕਾਂਵੜ ਯਾਤਰੀਆਂ ਉੱਤੇ ਹੈਲੀਕਾਪਟਰ ਨਾਲ ਫੁੱਲ ਵਰਸਾਏ ਸਨ। ਓਦੋਂ ਇਹ ਕੁਝ ਸਾਰੇ ਰਾਜ ਵਿੱਚ ਨਹੀਂ ਸੀ ਹੋਇਆ, ਕਿਸੇ ਖਾਸ ਥਾਂ ਹੋਇਆ ਸੀ, ਜਿੱਥੇ ਆਪਣੀ ਸਰਕਾਰੀ ਡਿਊਟੀ ਕਰਨ ਤੋਂ ਵੱਧ ਇੱਕ ਖਾਸ ਸੋਚ ਲਈ ਕੰਮ ਕਰਨ ਵਾਲਾ ਕੋਈ ਅਫਸਰ ਤਾਇਨਾਤ ਸੀ ਅਤੇ ਉਹ ਇੱਕੋ ਵੇਲੇ ਕਾਂਵੜੀਆਂ ਨੂੰ ਖੁਸ਼ ਕਰਨ ਦੇ ਨਾਲ ਸੂਬੇ ਦੇ ਮੁੱਖ ਮੰਤਰੀ ਨੂੰ ਵੀ ਇਹ ਸੁਨੇਹਾ ਦੇਣਾ ਚਾਹੁੰਦਾ ਸੀ ਕਿ ਤੁਹਾਡਾ ਪੱਕਾ ਭਗਤ ਇਸ ਇਲਾਕੇ ਵਿੱਚ ਹੈ। ਇਹੋ ਜਿਹੇ ਅਫਸਰ ਕਿਸ ਹੱਦ ਤੱਕ ਜਾ ਸਕਦੇ ਹਨ, ਸਾਨੂੰ ਪੰਜਾਬ ਵਿੱਚ ਕਈ ਵਾਰ ਸੱਟਾਂ ਖਾ ਚੁੱਕੇ ਲੋਕਾਂ ਨੂੰ ਇਸ ਦਾ ਕਾਫੀ ਸਾਰਾ ਕੌੜਾ ਤਜਰਬਾ ਹੁੰਦਾ ਰਿਹਾ ਹੈ।

ਜੁਲਾਈ ਦੇ ਤੀਸਰੇ ਹਫਤੇ ਇੱਕ ਦਿਨ ਅਚਾਨਕ ਇੱਕ ਖਾਸ ਜ਼ਿਲੇ ਵਿੱਚ ਪੁਲਸ ਦੇ ਮੁਖੀ ਨੇ ਇਸ ਤਰ੍ਹਾਂ ਦਾ ਇੱਕ ਨੋਟਿਸ ਕੱਢ ਦਿੱਤਾ ਕਿ ਕਾਂਵੜ ਯਾਤਰਾ ਦੇ ਰਸਤੇ ਉੱਤੇ ਪੈਂਦੇ ਹਰ ਢਾਬੇ, ਰੈਸਟੋਰੈਂਟ ਜਾਂ ਖਾਣ-ਪੀਣ ਦੀ ਹਰ ਦੁਕਾਨ ਦੇ ਬੋਰਡ ਉੱਤੇ ਉਸ ਦੇ ਮਾਲਕ ਦਾ ਨਾਂਅ ਲਿਖ ਦਿੱਤਾ ਜਾਵੇ। ਕਾਰਨ ਇਹ ਦੱਸਿਆ ਗਿਆ ਕਿ ਗੈਰ-ਹਿੰਦੂ ਦੁਕਾਨ ਤੋਂ ਕੁਝ ਲੈ ਕੇ ਖਾਣ ਨਾਲ ਜੇ ਕੁਝ ਗਲਤ ਖਾਧਾ ਗਿਆ ਤਾਂ ਕਾਂਵੜ ਯਾਤਰੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਲੱਗ ਸਕਦੀ ਹੈ ਅਤੇ ਇਸ ਨਾਲ ਰਾਜ ਦੇ ਅਮਨ-ਕਾਨੂੰਨ ਵਿੱਚ ਵਿਗਾੜ ਆ ਸਕਦਾ ਹੈ। ਕਈ ਪਾਸਿਆਂ ਤੋਂ ਜਦੋਂ ਇਸ ਨੋਟਿਸ ਵਿਰੁੱਧ ਆਵਾਜ਼ ਉਠਾਈ ਜਾਣ ਲੱਗੀ ਤਾਂ ਕਈ ਹੋਰ ਪਾਸਿਆਂ ਤੋਂ ਇਸ ਦੇ ਪੱਖ ਵਿੱਚ ਉਸ ਸੋਚ ਵਾਲੇ ਵੀ ਉੱਠ ਖੜੋਤੇ। ਗਵਾਂਢੀ ਰਾਜ ਉੱਤਰਾ ਖੰਡ ਵਿੱਚੋਂ ਵੀ ਕਿਸੇ ਅਫਸਰ ਨੇ ਏਦਾਂ ਦਾ ਬਿਆਨ ਦੇ ਦਿੱਤਾ, ਮੱਧ ਪ੍ਰਦੇਸ਼ ਦੇ ਇੱਕ ਸ਼ਹਿਰ ਦੀ ਕੌਂਸਲ ਨੇ ਵੀ ਏਦਾਂ ਦਾ ਨੋਟਿਸ ਕੱਢ ਦਿੱਤਾ। ਬਿਹਾਰ ਦਾ ਮੁੱਖ ਮੰਤਰੀ ਨਿਤੀਸ਼ ਕੁਮਾਰ ਬੇਸ਼ੱਕ ਇਸ ਦੇ ਵਿਰੁੱਧ ਬੋਲਿਆ, ਪਰ ਉਸ ਰਾਜ ਵਿੱਚੋਂ ਵੀ ਜਦੋਂ ਭਾਜਪਾ ਵਾਲਿਆਂ ਨੇ ਇਹੋ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਉਸ ਨੇ ਇਸ ਬਾਰੇ ਚੁੱਪ ਜਿਹੀ ਵੱਟ ਲਈ। ਮਾਮਲਾ ਸੁਪਰੀਮ ਕੋਰਟ ਗਿਆ ਤਾਂ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਇਸ ਵਿਹਾਰ ਨੂੰ ਰੋਕਣ ਦਾ ਆਰਜੀ ਹੁਕਮ ਦੇ ਦਿੱਤਾ ਤੇ ਕੁਝ ਦਿਨ ਬਾਅਦ ਦੂਸਰੀ ਸੁਣਵਾਈ ਪਿੱਛੋਂ ਵੀ ਇਹ ਹੁਕਮ ਜਾਰੀ ਰੱਖਿਆ, ਪਰ ਦੇਸ਼ ਦੀ ਸਰਕਾਰ ਇਸ ਬਾਰੇ ਬੋਲਣ ਤੋਂ ਬਚਦੀ ਰਹੀ ਸੀ, ਕਿਉਂਕਿ ਉਸ ਦੀ ਅਗਵਾਈ ਕਰਨ ਵਾਲਿਆਂ ਦੀ ਆਪਣੀਸਹਿਮਤੀ ਇਸ ਸੋਚ ਵਾਲੇ ਲੋਕਾਂ ਨਾਲ ਹੈ। ਉਨ੍ਹਾਂ ਨੂੰ ਪਤਾ ਹੈ ਕਿ ਹਿੰਦੂ-ਮੁਸਲਿਮ ਕਤਾਰਬੰਦੀ ਅੱਗੇ ਵਧੇਗੀ ਤਾਂ ਅਗਲੀ ਚੋਣ ਮੌਕੇ ਇਸ ਦਾ ਲਾਭ ਸਿਰਫ ਉਨ੍ਹਾਂ ਨੂੰ ਹੋਣਾ ਹੈ, ਬਾਕੀ ਸਾਰੀਆਂ ਰਾਜਸੀ ਧਿਰਾਂ ਨੂੰ ਇੱਕ ਜਾਂ ਦੂਸਰੀ ਤਰ੍ਹਾਂ ਖੋਰਾ ਹੀ ਲੱਗੇਗਾ।

ਸਵਾਲ ਇਹ ਉੱਠਦਾ ਹੈ ਕਿ ਕੀ ਅਸੀਂ ਭਾਰਤ ਨੂੰ ਉਸ ਜ਼ਮਾਨੇ ਵੱਲ ਜਾਂਦਾ ਵੇਖਾਂਗੇ, ਜਦੋਂ ਅੰਗਰੇਜ਼ਾਂ ਨੇ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ਉੱਤੇ ਦੋ-ਦੋ ਘੜੇ ਪਾਣੀ ਵਾਲੇ ਰੱਖ ਦਿੱਤੇ ਸਨ, ਜਿਨ੍ਹਾਂ ਵਿੱਚੋਂ ਇੱਕ ਉੱਤੇ 'ਹਿੰਦੂ ਦਾ ਪਾਣੀ' ਅਤੇ ਦੂਸਰੇ ਉੱਤੇ 'ਮੁਸਲਮਾਨ ਦਾ ਪਾਣੀ' ਲਿਖਵਾ ਦਿੱਤਾ ਗਿਆ ਸੀ। ਹਿੰਦੂ ਵਾਲੇ ਘੜੇ ਵਿੱਚੋਂ ਹਿੰਦੂ ਤੇ ਸਿੱਖ ਪਾਣੀ ਪੀਂਦੇ ਸਨ ਤੇ ਦੂਸਰੇ ਘੜੇ ਵਿੱਚੋਂ ਸਿਰਫ ਮੁਸਲਮਾਨ ਪੀਂਦੇ ਸਨ। ਉਸ ਵੇਲੇ ਦੇ ਇੱਕ ਰੇਲ ਅਧਿਕਾਰੀ ਬਜ਼ੁਰਗ ਨੂੰ ਅਸੀਂ ਇੱਕ ਵਾਰ ਇਹ ਪੁੱਛਿਆ ਕਿ ਪਾਣੀ ਲਈ ਦੋਵੇਂ ਘੜੇ ਵੱਖ-ਵੱਖ ਸਨ, ਪਾਣੀ ਭਰਨ ਲਈ ਸੇਵਾਦਾਰ ਵੀ ਵੱਖੋ-ਵੱਖਰੇ ਧਰਮ ਦਾ ਸੀ ਜਾਂ ਨਹੀਂ ਤੇ ਉਨ੍ਹਾਂ ਦੱਸਿਆ ਸੀ ਕਿ ਇੱਕੋ ਮੁਲਾਜ਼ਮ ਹੁੰਦਾ ਸੀ, ਜਿਸ ਦੀ ਪੋਸਟ ਓਦੋਂ 'ਵਾਟਰਮੈਨ' ਜਾਂ 'ਪਾਣੀ ਵਾਲਾ' ਲਿਖੀ ਜਾਇਆ ਕਰਦੀ ਸੀ। ਪਾਣੀ ਪੀਣ ਵਾਲੇ ਲੋਕ ਇੱਕ ਦੂਸਰੇ ਦੇ ਧਰਮ ਵਾਲਾ ਪਾਣੀ ਬੇਸ਼ੱਕ ਨਹੀਂ ਸਨ ਪੀਂਦੇ ਹੁੰਦੇ, ਪਾਣੀ ਇੱਕੋ ਵਿਅਕਤੀ ਦਾ ਭਰਿਆ ਪੀਂਦੇ ਸਨ, ਜਾਤ ਉਸ ਦੀ ਕੋਈ ਨਹੀਂ ਸੀ ਪੁੱਛਦਾ। ਇਹੋ ਗੱਲ ਅੱਜ ਪੁੱਛੀ ਜਾ ਸਕਦੀ ਹੈ ਕਿ ਰਾਹ ਵਿਚਲੇ ਢਾਬਿਆਂ ਅਤੇ ਖਾਣ-ਪੀਣ ਦੀਆਂ ਦੁਕਾਨਾਂ ਦੇ ਮਾਲਕਾਂ ਤੇ ਕੰਮ ਕਰਦੇ ਲੋਕਾਂ ਦੇ ਨਾਵਾਂ ਦੀ ਸੂਚੀ ਤਾਂ ਬਾਹਰ ਲਗਵਾ ਦਿੱਤੀ ਜਾਵੇਗੀ, ਪਿੱਛੋਂ ਉਸ ਦੁਕਾਨ ਨੂੰ ਦੁੱਧ ਸਪਲਾਈ ਕਰਨ ਵਾਲਾ ਕਿਹੜੇ ਧਰਮ ਦਾ ਸੀ, ਕੀ ਇਹ ਵੀ ਵੇਖਿਆ ਜਾਵੇਗਾ? ਉਸ ਢਾਬੇ ਲਈ ਆਟਾਪੀਸਣ,ਸਬਜ਼ੀ ਪੁੱਟ ਕੇ ਖੇਤਾਂ ਵਿੱਚੋਂ ਲਿਆਉਣ ਵਾਲੇ ਵੀ ਪਤਾ ਨਹੀਂ ਕਿਹੜੇ ਧਰਮ ਦੇ ਹੋਣਗੇ ਅਤੇ ਪਾਣੀ ਜਿਸ ਟੂਟੀ ਤੋਂ ਆਉਂਦਾ ਹੈ, ਉਸ ਨੂੰ ਫਿੱਟ ਕਰਨ ਤੋਂ ਲੈ ਕੇ ਉਸ ਦਾ ਪਾਣੀ ਭਰਨ ਤੱਕ ਦੇ ਕੰਮ ਵਿੱਚ ਤਾਂ ਹਰ ਧਰਮ ਦੇ ਲੋਕ ਸ਼ਾਮਲ ਹੋ ਸਕਦੇ ਹਨ।ਵਿਦੇਸ਼ਾਂ ਦੇ ਦੌਰੇ ਦੌਰਾਨ ਅਸੀਂ ਵੇਖਦੇ ਹਾਂ ਕਿ ਜਹਾਜ਼ ਵਿੱਚ ਖਾਣਾ ਵਰਤਾਉਂਦੀਆਂ ਏਅਰ ਹੋਸਟੈੱਸ ਜਾਂ ਉਹੀ ਕੰਮ ਕਰਦੇ ਨੌਜਵਾਨ ਵੱਖ-ਵੱਖ ਧਰਮਾਂ ਦੇ ਹੁੰਦੇ ਹਨ, ਪਰ ਅਸੀਂ ਕਦੀ ਕਿਸੇ ਰਹਿਤਵਾਨ ਨੂੰ ਉਨ੍ਹਾਂ ਹੱਥੋਂ ਖਾਣਾ ਲੈਣ ਤੋਂ ਨਾਂਹ ਕਰਦੇ ਨਹੀਂ ਵੇਖਿਆ। ਦੋ ਦਿਨ ਪਹਿਲਾਂ ਉੱਤਰਾ ਖੰਡ ਵਿੱਚ ਕਾਂਵੜ ਯਾਤਰੀ ਜਾਂਦੇ ਹੋਏ ਇੱਕ ਘਾਟ ਉੱਤੇ ਇਸ਼ਨਾਨ ਕਰਨ ਲੱਗ ਪਏ ਤਾਂ ਉਨ੍ਹਾਂ ਵਿੱਚੋਂ ਇੱਕ ਜਣਾ ਪਾਣੀ ਵਿੱਚ ਰੁੜ੍ਹ ਗਿਆ। ਸਰਕਾਰ ਨੇ ਜਿਹੜੇ ਕਾਰਿੰਦੇ ਉਸ ਘਾਟ ਉੱਤੇ ਲੋਕਾਂ ਦੀ ਜਾਨ ਬਚਾਉਣ ਲਈ ਤਾਇਨਾਤ ਕੀਤੇ ਸਨ, ਉਨ੍ਹਾਂ ਵਿੱਚੋਂ ਇੱਕ ਜਣੇ ਨੇ ਛਾਲ ਮਾਰੀ ਤੇ ਡੁੱਬ ਰਹੇ ਕਾਂਵੜ ਯਾਤਰੀ ਨੂੰ ਬਚਾ ਲਿਆਇਆ ਅਤੇ ਪਿੱਛੋਂ ਪਤਾ ਲੱਗਾ ਕਿ ਮੋਢਿਆਂ ਉੱਤੇ ਚੁੱਕ ਕੇ ਲਿਆਉਣ ਵਾਲਾ ਨੌਜਵਾਨ ਮੁਸਲਮਾਨ ਸੀ, ਓਦੋਂ ਉਸ ਵਿਰੁੱਧ ਕੋਈ ਕੌੜੀ ਗੱਲ ਕਿਸੇ ਨੇ ਨਹੀਂ ਕਹੀ, ਸਾਰੇ ਕਾਂਵੜ ਯਾਤਰੀਆਂ ਨੇ ਉਸ ਦਾ ਧੰਨਵਾਦ ਕੀਤਾ। ਓਨੀ ਦੇਰ ਤੱਕ ਓਥੋਂ ਥੋੜ੍ਹਾ ਹਟ ਕੇ ਇੱਕ ਕਾਂਵੜ ਯਾਤਰੀ ਹੋਰ ਨਹਾਉਂਦਾ ਰੁੜ੍ਹ ਗਿਆ, ਜਦੋਂ ਉਹ ਮੁਸਲਮਾਨ ਉਸ ਨੂੰ ਬਚਾਉਣ ਦੇ ਲਈ ਛਾਲ ਮਾਰਨ ਲੱਗਾ ਤਾਂ ਸਾਰਿਆਂ ਨੂੰ ਉਸ ਦੇ ਧਰਮ ਬਾਰੇ ਪਤਾ ਸੀ, ਪਰ ਕਿਸੇ ਨੇ ਰੋਕਿਆ ਨਹੀਂ, ਸਗੋਂ ਸ਼ਾਬਾਸ਼ ਦੇਂਦੇ ਅਤੇ ਹੌਸਲਾ ਅਫਜ਼ਾਈ ਕਰਦੇ ਰਹੇ। ਬਾਅਦ ਵਿੱਚ ਉਸ ਮੁਸਲਿਮ ਨੌਜਵਾਨ ਦਾ ਕਈ ਸੰਗਠਨਾਂ ਨੇ ਸਨਮਾਨ ਵੀ ਕੀਤਾ। ਏਦਾਂ ਦਾ ਕੰਮ ਉਹ ਨੌਜਵਾਨ ਪਹਿਲਾਂ ਵੀ ਕਰਦਾ ਸੀ, ਪਰ ਚਰਚਾ ਕਦੀ ਨਹੀਂ ਸੀ ਹੋਈ, ਅੱਜਕੱਲ੍ਹ ਦੁਕਾਨਾਂ ਉੱਤੇ ਮਾਲਕਾਂ ਤੇ ਵਰਕਰਾਂ ਦੇ ਨਾਂਅ ਲਿਖਣ ਬਾਰੇ ਚੱਲਦੀ ਜਾਂ ਚਲਾਈ ਜਾ ਰਹੀ ਚਰਚਾ ਕਾਰਨ ਉਸ ਦਾ ਮਨੁੱਖ ਸੇਵੀ ਕਿਰਦਾਰ ਵੀ ਲੋਕਾਂ ਸਾਹਮਣੇ ਆ ਗਿਆ ਤੇ ਇਹ ਗੱਲ ਸਾਰਿਆਂ ਨੂੰ ਸਮਝ ਪੈ ਗਈ ਕਿ ਡੁੱਬਦੇ ਇਨਸਾਨ ਨੂੰ ਬਚਾਉਣ ਵਾਲੇ ਦਾ ਧਰਮ ਪੁੱਛਣ ਦੀ ਲੋੜ ਕਦੀ ਨਹੀਂ ਹੁੰਦੀ।

ਜਿਹੜੇ ਲੋਕ ਅੱਜ ਏਦਾਂ ਦੀਆਂ ਗੱਲਾਂ ਕਰਦੇ ਹਨ, ਕੱਲ੍ਹ-ਕਲੋਤਰ ਨੂੰ ਕਿਧਰੇ ਕੋਈ ਹਾਦਸਾ ਹੋ ਗਿਆ ਤਾਂ ਇਲਾਜ ਕਰਾਉਣ ਤੋਂ ਪਹਿਲਾਂ ਉਹ ਡਾਕਟਰ ਦਾ ਧਰਮ ਨਹੀਂ ਪੁੱਛਣਗੇ। ਮਰਦੇ ਨੂੰ ਬਚਾਉਣ ਲਈ ਜੇ ਕਿਧਰੇ ਖੂਨ ਦੇਣ ਦੀ ਲੋੜ ਪਈ ਤਾਂ ਬਲੱਡ ਬੈਂਕ ਵਾਲਿਆਂ ਤੋਂ ਖੂਨ ਦਾਨੀ ਦਾ ਨਾਂਅ ਤੇ ਧਰਮ ਪੁੱਛਣ ਬਾਰੇ ਨਹੀਂ ਸੋਚਣਗੇ। ਢਾਬਾ ਮਾਲਕਾਂ ਦੇ ਨਾਂਅ ਬੋਰਡਾਂ ਉੱਤੇ ਲਿਖਾਉਣ ਅਤੇ ਇਸ ਬਹਾਨੇ ਆਪਣੇ ਧਰਮ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਦੁਕਾਨਾਂ ਦੇ ਬਾਈਕਾਟ ਕਰਨ ਲਈ ਉਕਸਾਉਣ ਵਾਲਿਆਂ ਦਾ ਅਸਲ ਨਿਸ਼ਾਨਾ ਇਹ ਹੈ ਕਿ ਧਰਮਾਂ ਦੇ ਨਾਂਅ ਉੱਤੇ ਹੁੰਦੀ ਪਈ ਲਾਮਬੰਦੀ ਨੂੰ ਏਦਾਂ ਵਧਾਇਆ ਜਾਵੇ ਕਿ ਅਗਲੀਆਂ ਚੋਣਾਂ ਵਿੱਚ ਵੋਟਰ ਸਿਰਫ ਵੋਟ ਪਾਉਣ ਵਾਲਾ ਨਾ ਰਹੇ, ਧਰਮ ਦੀ ਧਾਰਨਾ ਨਾਲ ਬੱਝਾ ਸਿਰਫ ਇੱਕ ਖਾਸ ਧਰਮ ਦੇ ਨਾਂਅ ਉੱਤੇ ਰਾਜਨੀਤੀ ਕਰਨ ਵਾਲਿਆਂ ਪਿੱਛੇ ਭੁਗਤਣ ਨੂੰ ਧਾਰਮਿਕਤਾ ਮੰਨ ਲਵੇ। ਏਸੇ ਲਈ ਅਸੀਂ ਸ਼ੁਰੂ ਵਿੱਚ ਕਿਹਾ ਸੀ ਕਿ ਬੇਸ਼ੱਕ ਅਸੀਂ ਕਹਿੰਦੇ ਹਾਂ ਤੇ ਚਾਹੁੰਦੇ ਵੀ ਹਾਂ ਕਿ ਆਧੁਨਿਕ ਤਕਨੀਕੀ ਯੁੱਗ ਵਿੱਚ ਸਧਾਰਨ ਆਦਮੀ ਪਹਿਲਾਂ ਵਾਂਗ ਸਧਾਰਨ ਨਾ ਰਹੇ, ਪਰ ਇਹ ਗੱਲ ਸੱਚ ਹੈ ਕਿ ਉਹ ਅਜੇ ਵੀ ਬਹੁਤ ਹੱਦ ਤੱਕ ਸਧਾਰਨ ਹੀ ਹੈ ਅਤੇ ਏਨਾ ਸਾਧਾਰਨ ਹੈ ਕਿ ਮਨੁੱਖੀ ਸਾਂਝ ਦੀ ਗੱਲ ਸੋਚਣ ਦੀ ਥਾਂਉਸ ਨੂੰ ਫਿਰਕਿਆਂ ਦੇ ਆਧਾਰ ਉੱਤੇ ਲਾਮਬੰਦ ਕਰਨ ਦੇ ਯਤਨ ਜਾਰੀ ਰੱਖੇ ਜਾ ਰਹੇ ਹਨ। ਭਾਰਤ ਨੇ ਅੱਜ ਤੱਕ ਦਾ ਪੈਂਡਾ ਸਾਰੇ ਧਰਮਾਂ ਦੀ ਸਾਂਝ ਸਦਕਾ ਤੈਅ ਕੀਤਾ ਹੈ, ਅੱਗੋਂ ਭਾਰਤ ਦੇ ਲੋਕ ਇਹ ਪੈਂਡਾ ਜਾਰੀ ਰੱਖ ਸਕਣਗੇ ਜਾਂ ਨਹੀਂ, ਅੱਜ ਇਹ ਸਾਰਾ ਕੁਝ ਦਾਅ ਉੱਤੇ ਲੱਗਾ ਪਿਆ ਜਾਪਦਾ ਹੈ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

Scotiabank.
PRESENTS
RED 88.9FM
SUMMER BHANGRA JAM 2024
POWERED BY
NANAK SHER
FREE ONE DAY FESTIVAL
AUG 31
CELEBRATION SQUARE, MISSISSAUGA
MUSICAL ACTS, BHANGRA COMPETITON, FOOD TRUCK, VENDORS, FASHION, KIDZ ZONE, & MORE

TechSpirit
Consultation, Installation & Servicing
Specialized in:
• Analog & IP security cameras • Installation & Maintenance, Upgrade • Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਿਉਰਿਟੀ ਕੈਮਰੇ ਸਿਰਫ $999 ਵਿੱਚ ਲਗਵਾਓ

LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate of Excellence THREE BEST RATED

SAFE, RELIABLE AND EFFICIENT SERVICE AT THE BEST RATES

The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verification.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

Urgently Need New Listings in Brampton/Caledon
visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

LISTED IN *BRAMPTON*
TORBRAM/ FATHER TOBIN/MOUNTAINASH



1500–2000 sq.ft.
Front Brick and Stone
3+1 ਬੈਡਰੂਮ + 3 ਵਾਸ਼ਰੂਮ, ਫਰੀਹੋਲਡ ਟਾਊਨ ਹਾਊਸ, ਓਕ ਸਟੇਅਰਕੇਸ, ਹਾਰਡਵੁੱਡ ਅਤੇ ਸੀਰਾਮਿਕ ਫਲੋਰ, ਸਾਂਨਦਾਰ ਕਿਚਨ ਮਾਸਟਰ ਬੈਡਰੂਮ ਵਿਚ 5 ਪੀਸ ਇਨਸੂਇਟ ਅਤੇ ਵਾਕ ਇਨ ਕਲੋਜਿਟ, ਨਿਊਂ ਅਪਲਾਂਇਸਿਸ

LISTED IN *BRAMPTON*
BRAMALEA/ SANDALWOOD/DEWSIDE



2000–2500 sq.ft. ਟਾਊਨ ਹਾਊਸ
4+1 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Partially ਫਿਨੀਸ਼ਡ ਬੇਸਮੇਂਟ ਵਿੱਚ ਵਾਇਨਲ ਫਲੋਰ।
Master ਬੈਡਰੂਮ ਵਿੱਚ 5 ਪੀਸ ਇਨਸੂਇਟ ਅਤੇ His & Her ਕਲੋਜ਼ਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

LISTED IN *MISSISSAUGA*
BURNHAMTHORPE/CONFEDERATION



900–999 sq.ft. ਲੇਕ ਵਿਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ, ਨਵਾਂ ਪੇਂਟ, ਨਵੇਂ ਲੈਮੀਨੇਟ ਫਲੋਰ, ਬਹੁਤ ਖੁਲੀ ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One + Celebration Square, Grand Park Plaza, Sheridan College Campus.

LISTED IN *CAMBRIDGE*
SPEEDSVILLE RD/ EQUESTRAIN WAY/MAPLE GROVE



1500–2000 sq.ft. ਟਾਊਨ ਹਾਊਸ
4 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Upgraded ਕੀਚਨ,
Stainless Steel Appliacnes
ਬੈਡਰੂਮ ਵਿੱਚ 4 ਪੀਸ ਇਨਸੂਇਟ ਅਤੇ Walk-in ਕਲੋਜ਼ਿਟ,
Laundary ਮੇਨ ਫਲੋਰ ਤੇ।
ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

FREE
- Full MLS Services
- Consistently Marketing Your Property Until SOLD
- Competitive Rates, Exceptional Service & Award Winning Results
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold

RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
SEPTEMBER 2022


2024 TOUR • 180+ SHOWS •
12 FABULOUS LOCATIONS • CANADA & USA
ROYAL CANADIAN
International
CIRCUS™
UNDER THE BIG TOP
6 GTA LOCATIONS
June 27 - Sept 2
2 for 1
GENERAL ADMISSION TICKETS DISCOUNT
PROMO CODE:
PUNJABI
ROYALCANADIANCIRCUS.CA